International Journal of Applied Research 2017; 3(6): 1382-1384




**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(6): 1382-1384
www.allresearchjournal.com
Received: 13-03-2017
Accepted: 17-04-2017

**ਡਾ. ਅਮਰਬੀਰ ਕੌਰ**
ਐਸੋਸੀਏਟ ਪ੍ਰੋਫ਼ੈਸਰ,
ਮਾਤਾ ਸੁੰਦਰੀ ਕਾਲਜ, ਨਵੀਂ ਦਿੱਲੀ,
ਭਾਰਤ

**Corresponding Author:**
**ਡਾ. ਅਮਰਬੀਰ ਕੌਰ**
ਐਸੋਸੀਏਟ ਪ੍ਰੋਫ਼ੈਸਰ,
ਮਾਤਾ ਸੁੰਦਰੀ ਕਾਲਜ, ਨਵੀਂ ਦਿੱਲੀ,
ਭਾਰਤ

# ਨਾਵਲ 'ਪੂਰਨਮਾਸ਼ੀ': ਪ੍ਰਵਚਨ ਸਿੱਧਾਂਤ

**ਡਾ. ਅਮਰਬੀਰ ਕੌਰ**

## ਪ੍ਰਸਤਾਵਨਾ

'ਪੂਰਨਮਾਸ਼ੀ' ਕੰਵਲ ਦਾ ਤੀਸਰਾ ਨਾਵਲ ਹੈ। ਇਹ ਨਾਵਲ 1949 ਵਿਚ ਪ੍ਰਕਾਸ਼ਿਤ ਹੋਇਆ। ਇਸ ਨਾਵਲ ਵਿਚ ਕੰਵਲ ਨੇ ਮਲਵਈ ਪੇਂਡੂ ਜੀਵਨ ਤੇ ਸਭਿਆਚਾਰ ਨੂੰ ਬੜੇ ਭਰਪੂਰ ਰੂਪ ਵਿਚ ਪ੍ਰਦਰਸ਼ਿਤ ਕੀਤਾ। ਲੇਖਕ ਨੇ ਭਾਵੇਂ ਮਲਵਈ ਸਭਿਆਚਾਰ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਨੂੰ ਉਘਾੜਨ ਦੀ ਕੋਸ਼ਿਸ਼ ਕੀਤੀ ਹੈ, ਪ੍ਰੰਤੂ ਉਸ ਨੇ ਆਪਣੇ ਇਸ ਸਾਰੇ ਉਦੇਸ਼ ਨੂੰ ਆਪਣੀ ਰੁਮਾਂਟਿਕ ਗਲਪੀ-ਪ੍ਰਯੋਜਨਾ ਦੇ ਅਧੀਨ ਰਖਿਆ ਹੈ। ਜਦੋਂ ਰੁਮਾਂਟਿਕ ਦ੍ਰਿਸ਼ਟੀ ਤੋਂ ਕਿਸੇ ਯਥਾਰਥਕ ਜੀਵਨ ਝਾਂਕੀ ਨੂੰ ਪੇਸ਼ ਕੀਤਾ ਜਾਦਾ ਹੈ ਤਾਂ ਉਸ ਸਮੇਂ ਉਹ ਝਾਂਕੀ ਯਥਾਰਥਕ ਹੁੰਦੀ ਹੋਈ ਵੀ ਯਥਾਰਥਕ ਨਹੀਂ ਹੁੰਦੀ। ਕਾਰਨ ਇਹ ਹੈ ਕਿ ਹਰ ਵਿਅਕਤੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਪਹਿਲੂ ਜਾਂ ਵਾਯੂਮੰਡਲ ਨਾਲ ਭਾਵੁਕ ਤੌਰ 'ਤੇ ਅਵੱਸ਼ ਹੀ ਸਬੰਧਿਤ ਹੁੰਦਾ ਹੈ ਅਤੇ ਖਾਸ ਕਰਕੇ, ਜਦੋਂ ਕਿਸੇ ਵਿਅਕਤੀ ਨੇ ਆਪਣਾ ਮੁਢਲਾ ਜੀਵਨ ਕਿਸੇ ਵਿਸ਼ੇਸ਼ ਇਲਾਕੇ ਵਿਚ ਗੁਜ਼ਾਰਿਆ ਹੋਵੇ ਤਾਂ ਉਹ ਸਾਰਾ ਇਲਾਕਾ ਭਾਵੁਕ ਤੌਰ 'ਤੇ ਉਸ ਦੀ ਮਾਨਸਿਕਤਾ ਉਪਰ ਹਾਵੀ ਹੁੰਦਾ ਹੈ ਅਤੇ ਇਹ ਭਾਵੁਕਤਾ ਸਾਰੀ ਜ਼ਿੰਦਗੀ ਉਸ ਦਾ ਪਿੱਛਾ ਕਰਦੀ ਹੈ।

'ਪੂਰਨਮਾਸ਼ੀ' ਨਾਵਲ ਵਿਚ ਵੀ ਜਸਵੰਤ ਸਿੰਘ ਕੰਵਲ ਨੇ ਇਸ ਗੱਲ ਨੂੰ ਪੇਸ਼ ਕਰਨ ਉਪਰ ਖਾਸਾ ਧਿਆਨ ਦਿੱਤਾ ਲਗਦਾ ਹੈ। ਨਾਵਲਕਾਰ ਨੇ ਕਿਰਸਾਨੀ ਜੀਵਨ ਦਾ ਅਧਿਐਨ ਕਰਨ ਦੇ ਨਾਲ ਨਾਲ ਲੋਕ ਜੀਵਨ ਵਿਚ ਵਹਿਮ, ਭਰਮ, ਸੰਤਾਂ ਦੇ ਡੇਰੇ, ਵਿਆਹ, ਮੁਕਲਾਵੇ, ਪੰਚਾਇਤਾਂ, ਧਰਮ ਆਦਿ ਕਈ ਕੁਝ ਪ੍ਰਗਟਾਇਆ ਹੈ। ਇਸ ਮਾਲਵੇ ਦਾ ਲੋਕ-ਜੀਵਨ ਤੇ ਲੋਕ-ਯਾਨ ਦੋਵੇਂ ਹੀ ਪ੍ਰਗਟ ਹੋਏ ਹਨ। ਭਾਵੇਂ ਜਸਵੰਤ ਸਿੰਘ ਕੰਵਲ ਨੇ ਇਸ ਨਾਵਲ ਵਿਚ ਜੋ ਗੱਲ ਦਸਣ ਦੀ ਕੋਸ਼ਿਸ਼ ਕੀਤੀ ਹੈ, ਉਹ ਇਹ ਹੈ ਕਿ ਕਿਰਸਾਨ ਆਪਣੀਆਂ ਆਰਥਿਕ ਮਜਬੂਰੀਆਂ ਵਿਚ ਫਸਿਆ ਹੋਣ ਦੇ ਬਾਵਜੂਦ ਵੀ ਵਿਚਾਰਧਾਰਾਈ ਪ੍ਰੰਪਰਾ ਅਧੀਨ ਆਪਣੇ ਆਪ ਨੂੰ ਸੰਤੁਸ਼ਟ ਰਖਦਾ ਹੈ। ਅਸਲ ਵਿਚ ਕੰਵਲ ਅੰਗਰੇਜ਼ੀ ਸਾਮਰਾਜ ਦੇ ਅਧੀਨ ਵਿਕਸਿਤ ਹੋਣ ਵਾਲੇ ਸ਼ਹਿਰੀ ਜੀਵਨ ਦੇ ਵਿਰੋਧ ਵਿਚ ਪੇਂਡੂ ਜੀਵਨ ਨੂੰ ਅਭਿਵਿਅਕਤੀ ਦੇ ਰਿਹਾ ਹੈ। ਸ਼ਹਿਰਾਂ ਵਿਚ ਨਵੀਆਂ ਮੰਡੀਆਂ ਬਣਨ ਨਾਲ ਅਤੇ ਦਫ਼ਤਰ ਆਦਿ ਬਣਨ ਨਾਲ ਲੋਕਾਂ ਨੂੰ ਰੁਜ਼ਗਾਰ ਮਿਲ ਰਿਹਾ ਹੈ ਅਤੇ ਜ਼ਿੰਦਗੀ ਖੁਸ਼ਹਾਲ ਹੋ ਰਹੀ ਹੈ। ਇਸ ਦੇ ਮੁਕਾਬਲੇ ਉਤੇ ਪੇਂਡੂ ਜੀਵਨ ਵਿਚ ਕਿਸੇ ਤਰ੍ਹਾਂ ਦਾ ਕੋਈ ਵਿਕਾਸ ਨਹੀਂ, ਜੀਵਨ ਕੇਵਲ ਪਰੰਪਰਾ ਦੇ ਆਧਾਰ ਤੇ ਚਲ ਰਿਹਾ ਹੈ ਅਤੇ ਇਸ ਤਰ੍ਹਾਂ ਕਿਸਾਨ ਦਾ ਜੀਵਨ ਸਮੱਸਿਆਗ੍ਰਸਤ ਹੈ। ਇਹ ਗੱਲ ਬੜੀ ਅਰਥ ਭਰਪੂਰ ਹੈ। ਪਰ ਜਦੋਂ ਅਸੀਂ ਇਸ ਨਾਵਲ ਦੇ ਵਿਚੋਂ ਲੰਘਦੇ ਹਾਂ ਤਾਂ ਪਤਾ ਲਗਦਾ ਹੈ ਕਿ ਸਾਰੇ ਨਾਵਲ ਵਿਚ ਕੰਵਲ ਨੇ ਮਲਵਈ ਸਭਿਆਚਾਰ ਦਾ ਰੁਮਾਂਟਿਕ, ਭਾਵੁਕ ਤੇ ਉਦਰੇਵਾਂ ਭਰਪੂਰ ਪ੍ਰਦਰਸ਼ਨ ਹੀ ਕੀਤਾ ਹੈ ਅਤੇ ਇਸ ਪ੍ਰਦਰਸ਼ਨ ਵਿਚ ਲੇਖਕ ਆਪ ਇਤਨਾ ਗ੍ਰਸਤ ਹੈ ਕਿ ਨਾਵਲ ਦੀ ਅਸਲ ਸਮੱਸਿਆ ਪੂਰੀ ਤਰ੍ਹਾਂ ਉਘੜੀ ਹੀ ਨਹੀਂ। ਕਿਤੇ ਕਿਤੇ ਉਸ ਨੇ ਆਦਰਸ਼ਵਾਦ ਅਧੀਨ ਸਮੱਸਿਆਵਾਂ ਨੂੰ ਉਘਾੜ ਕੇ ਪੇਸ਼ ਕਰਨ ਵਿਚ ਕਾਫੀ ਤਾਣ ਲਾਇਆ ਹੈ। ਪਰ ਕੁਲ ਮਿਲਾ ਕੇ ਸਾਰਾ ਪ੍ਰਭਾਵ ਉਦਰੇਵੇਂ ਤੇ ਰੁਮਾਂਸ ਦਾ ਹੀ ਪੈਂਦਾ ਹੈ। ਅਸੀਂ ਆਪਣੀ ਗੱਲ ਦੇ ਵਿਸਥਾਰ ਲਈ ਨਾਵਲ ਦੀ ਕਹਾਣੀ ਵਿਚ ਪ੍ਰਵੇਸ਼ ਕਰਦੇ ਹਾਂ।

'ਪੂਰਨਮਾਸ਼ੀ' ਨਾਵਲ ਦੀ ਕਹਾਣੀ ਪੇਂਡੂ ਜੀਵਨ ਦੇ ਲੋਕਯਾਨਕ ਪਹਿਲੂਆਂ ਤੋਂ ਸ਼ੁਰੂ ਹੁੰਦੀ ਹੈ। ਕਹਾਣੀ ਦਾ ਆਰੰਭ ਨਵੇਂ ਪਿੰਡ ਤੋਂ ਹੁੰਦਾ ਹੈ। ਨਵੇਂ ਪਿੰਡ ਦਾ 'ਰੂਪ' ਨਾਮ ਦਾ ਇਕ ਵਿਅਕਤੀ ਹੈ, ਜਿਸ ਦੇ ਮਾਂ-ਬਾਪ ਮਰ ਚੁਕੇ ਹਨ।

ਪਰ ਇਸ ਯਤੀਮ ਪਾਸ ਦਸ ਘੁਮਾਂ ਜ਼ਮੀਨ ਹੈ। ਇਹ ਜ਼ਮੀਨ ਚੰਗੀ ਉਪਜਾਊ ਹੈ ਤੇ ਰੂਪ ਇਕਲਾ ਇਸ ਜ਼ਮੀਨ ਦਾ ਮਾਲਕ ਹੈ। ਆਪਣੀ ਸਰੀਰਕ ਦੱਖ ਵਿਚੋਂ ਵੀ ਰੂਪ ਬੜਾ ਸੁੰਦਰ ਤੇ ਸੁਡੌਲ ਹੈ। ਇਸ ਦਾ ਵਿਆਹ ਕਿਉਂਕਿ ਅਨਜੋੜ-ਵਿਆਹ ਸੀ, ਇਸ ਲਈ ਇਹ ਆਪਣੀ ਪਤਨੀ ਨੂੰ ਛਡ ਚੁਕਾ ਹੈ। ਇਸ ਦੀ ਪਤਨੀ ਉਮਰ ਵਿਚ ਇਸ ਤੋਂ ਅੱਠ ਸਾਲ ਵੱਡੀ ਸੀ। ਇਸ ਕਰਕੇ ਇਸ ਦੀ ਪਤਨੀ ਨਾਲ ਵਿਗੜ ਜਾਂਦੀ ਹੈ ਅਤੇ ਇਹ ਆਪਣੇ ਹੀ ਪਰਵਾਰ ਵਿਚੋਂ ਰਿਸ਼ਤੇ ਵਿਚ ਭਰਜਾਈ ਲਗਦੀ ਬਚਨੋ ਨਾਮ ਦੀ ਤ੍ਰੀਮਤ ਨਾਲ ਆਪਣਾ ਅਯੋਗ ਸਬੰਧ ਬਣਾ ਲੈਂਦਾ ਹੈ।

ਇਸ ਤਰ੍ਹਾਂ 'ਪੂਰਨਮਾਸ਼ੀ' ਨਾਵਲ ਦੀ ਕਹਾਣੀ ਦਾ ਸੰਖੇਪ ਸਾਰ ਇਹ ਦਸਦਾ ਹੈ ਕਿ ਇਸ ਵਿਚ ਲੇਖਕ ਨੇ ਮਾਲਵੇ ਦੇ ਕਿਰਸਾਨੀ ਜੀਵਨ ਦੀ ਜ਼ਮੀਨ ਉਪਰ ਜੋ ਕਹਾਣੀ ਉਸਾਰੀ ਹੈ, ਉਹ ਸਾਰੀ ਦੀ ਸਾਰੀ ਇਸਤਰੀ-ਪੁਰਸ਼ ਦੀ ਆਪਸੀ ਕਾਮ-ਖਿਚ ਉਪਰ ਆਧਾਰਿਤ ਹੈ। ਲੇਖਕ ਨੇ ਇਸ ਕਹਾਣੀ ਵਿਚਲਾ ਸਾਰਾ ਦ੍ਰਿਸ਼ ਕਾਮ-ਖਿਚ ਦੇ ਆਧਾਰ ਤੇ ਉਸਾਰ ਕੇ ਇਸਤਰੀ ਪੁਰਸ਼ ਵਿਚਕਾਰ ਇਕ ਅਜੀਬ ਕਿਸਮ ਦੀ ਜਟਿਲ-ਸਥਿਤੀ ਪੈਦਾ ਕੀਤੀ ਹੈ। ਸਾਰੇ ਨਾਵਲ ਵਿਚ ਵਿੰਗੇ ਟੇਢੇ ਤਰੀਕੇ ਨਾਲ ਇਸ ਸਥਿਤੀ ਨੂੰ ਘੁੰਮਾਇਆ ਗਿਆ ਹੈ। ਇਸ ਲਈ ਇਹ ਸਾਰਾ ਨਾਵਲ ਇਸਤਰੀ-ਪੁਰਸ਼ਾਂ ਦੀ ਯਾਰੀ ਦਾ ਨਾਵਲ ਹੈ। ਕਈ ਇਸ ਨੂੰ ਪਿਆਰ ਦਾ ਨਾਵਲ ਵੀ ਕਹਿੰਦੇ ਹਨ। ਪਰ ਪਿਆਰ ਤੇ ਯਾਰੀ ਵਿਚ ਅੰਤਰ ਹੈ। ਪਿਆਰ ਤਾਂ ਕਾਮਾਤਮਕ ਸਥਿਤੀ ਦੇ ਆਧਾਰ ਤੇ ਦੋ ਵਿਰੋਧ ਲਿੰਗਕ-ਵਿਅਕਤੀਆਂ ਦੀ ਆਪਸੀ ਸਾਂਝ ਤੇ ਪ੍ਰਸਪਰ ਪਛਾਣ ਉਪਰ ਆਧਾਰਿਤ ਹੁੰਦਾ ਹੈ ਪਰ ਯਾਰੀ ਕਾਮਾਤਮਕ ਘੜਮਸ ਉਪਰ ਅਧਾਰਿਤ ਹੁੰਦੀ ਹੈ। ਇਸ ਯਾਰੀ ਵਿਚ ਇਕ ਵਿਅਕਤੀ ਆਪਣੇ ਵਿਰੋਧੀ-ਲਿੰਗ ਦੇ ਕਈ ਵਿਅਕਤੀਆਂ ਨਾਲ ਸਰੀਰਕ ਭੋਗ ਦਾ ਰਿਸ਼ਤਾ ਰਖ ਸਕਦਾ ਹੈ। ਇਸ ਨਾਵਲ ਨੂੰ ਵੇਖੀਏ ਤਾਂ ਇਸ ਵਿਚ ਇਸ ਪ੍ਰਕਾਰ ਦੀਆਂ ਤਿੰਨ ਕਹਾਣੀਆਂ ਹਨ। ਸਭ ਤੋਂ ਪਹਿਲਾਂ ਤੇ ਪ੍ਰਮੁੱਖ ਕਹਾਣੀ ਰੂਪ ਤੇ ਚੰਨੋ ਦਾ ਆਪਸੀ ਪਿਆਰ ਨਿਰੋਲ ਕਾਮ-ਖਿਚ ਉਪਰ ਆਧਾਰਿਤ ਹੈ। ਰੂਪ ਤੇ ਚੰਨੋ ਦੋਵੇਂ ਅਚਾਨਕ ਖੇਤਾਂ ਵਿਚ ਮਿਲਦੇ ਹਨ ਤੇ ਇਕ ਦੂਜੇ ਬਾਰੇ ਕੁਝ ਜਾਣੇ ਬਿਨਾਂ ਹੀ ਆਪਾ ਇਕ ਦੂਜੇ ਦੇ ਅਰਪਣ ਕਰ ਦਿੰਦੇ ਹਨ। ਇਸ ਨੂੰ ਅਸੀਂ ਪਹਿਲੀ ਨਜ਼ਰ ਦਾ ਪਿਆਰ ਵੀ ਕਹਿ ਸਕਦੇ ਹਾਂ। ਜਦੋਂ ਕੰਵਲ ਇਸ ਨਾਵਲ ਦੇ ਪੰਨਾ ਚੌਵੀ ਉਪਰ ਲਿਖਦਾ ਹੈ :-

> "ਅਜਿਹਾ ਸੁਹਣਾ ਛੈਲ ਛਬੀਲਾ ਅਤੇ ਭਰਿਆ ਗਭਰੂ ਉਸ ਦੇ ਅੰਤਰੀਵ ਜਜ਼ਬਾਤ ਨੇ ਵੀ ਨਹੀਂ ਚਿਤਵਿਆ ਸੀ। ਉਹ ਗੁੰਮ ਸੁੰਮ ਹੋਈ ਦੇਖਦੀ ਰਹੀ।"

ਇਸ ਤੋਂ ਸਪਸ਼ਟ ਹੈ ਕਿ ਚੰਨੋ ਰੂਪ ਦੀ ਸਰੀਰਕ ਖੂਬਸੂਰਤੀ ਉਪਰ ਹੀ ਮੋਹਿਤ ਹੋਈ। ਰੂਪ ਦੇ ਅੰਦਰਲੇ ਨੂੰ ਜਾਣਨ ਦਾ ਉਸ ਨੇ ਕੋਈ ਯਤਨ ਨਹੀਂ ਕੀਤਾ। ਚੰਨੋ ਪਿਆਰ ਦਾ ਮਤਲਬ ਵਿਆਹ ਹੀ ਸਮਝਦੀ ਹੈ। ਇਸੇ ਲਈ ਉਹ ਜਦੋਂ ਰੂਪ ਨੂੰ ਸੈਦ ਕਬੀਰ ਦੇ ਮੇਲੇ ਤੋਂ ਬਾਅਦ ਸ਼ਾਮੋ ਦੇ ਚੁਬਾਰੇ ਤੇ ਮਿਲਦੀ ਹੈ, ਤਾਂ ਕਹਿੰਦੀ ਹੈ ਕਿ :

"ਮੈਂ ਤੇਰੇ ਨਾਲ ਸਾਫ ਤੇ ਇਹੀ ਚਿਟੀ ਦੁੱਧ ਵਰਗੀ ਇਕੋ ਗੱਲ ਕਰਨੀ ਹੈ, ਜੋ ਤੇਰੀ ਮੇਰੇ ਨਾਲ ਮੁਹੱਬਤ ਹੈ ਤਾਂ ਆਪਾਂ ਵਿਆਹ ਕਰਵਾ ਲਈਏ।"

ਜਸਵੰਤ ਸਿੰਘ ਕੰਵਲ ਪਿਆਰ ਦੇ ਵਿਆਹ ਨਾਲ ਸਬੰਧਿਤ ਕਾਮ ਸ਼ਕਤੀ ਦੇ ਸੰਜਮ ਤੇ ਸੰਤੁਲਨ ਸਬੰਧੀ ਜਾਣਕਾਰੀ ਨਹੀਂ ਰਖਦਾ। ਇਸੀ ਲਈ ਉਸ ਦਾ ਨਾਵਲ ਕੇਵਲ ਰੁਮਾਂਸ ਦੀ ਪੱਧਰ ਤੇ ਰਹਿੰਦਾ ਹੈ। ਉਸ ਦੇ ਨਾਵਲ ਤੋਂ ਤਾਂ ਇਹੀ ਪ੍ਰਭਾਵ ਪੈਂਦਾ ਹੈ ਕਿ ਵਿਆਹ ਸੰਜਮ ਵਿਚ ਬੱਝਾ ਵਿਅਕਤੀ ਵੀ ਕਿਸੇ ਦੂਸਰੇ ਥਾਈਂ ਪਿਆਰ ਕਰ ਸਕਦਾ ਹੈ ਤੇ ਆਪਣੀ ਕਾਮ ਵਾਸ਼ਨਾ ਨੂੰ ਮਾਣ ਸਕਦਾ ਹੈ। ਅਸਲ ਵਿਚ ਇਸ ਤਰ੍ਹਾਂ ਦਾ ਦ੍ਰਿਸ਼ ਪੈਦਾ ਕਰਨ ਦਾ ਮਤਲਬ ਇਹ ਹੈ ਕਿ ਗ੍ਰਹਿਣ ਕਰਨ ਯੋਗ ਕੋਟੀਆਂ ਤੇ ਤਿਆਗਣਯੋਗ ਕੋਟੀਆਂ ਨੂੰ ਇਕ ਦੂਸਰੇ ਵਿਚ ਰਲਾ ਦਿੱਤਾ ਜਾਏ। ਪਰ ਯਾਦ ਰਖਣਾ ਚਾਹੀਦਾ ਹੈ ਕਿ ਮਨੁੱਖ ਨੇ ਜਦੋਂ ਵੀ ਸਭਿਆਚਾਰਕ ਤੌਰ ਤੇ ਤਰੱਕੀ ਕਰਨੀ ਹੈ, ਉਸ ਨੇ ਗ੍ਰਹਿਣ ਕਰਨ ਯੋਗ ਤੇ ਤਿਆਗਣਯੋਗ ਕੋਟੀਆਂ ਦੀ ਪਛਾਣ ਨਾਲ ਅਗੇ ਤੁਰਨਾ ਹੈ। ਜਦੋਂ ਇਹ ਗ੍ਰਹਿਣ ਤੇ ਤਿਆਗ ਦੀ ਪਹਿਚਾਨ ਮੁਕ ਜਾਂਦੀ ਹੈ ਤਾਂ ਅਨਾਚਾਰ ਫੈਲ ਜਾਂਦਾ ਹੈ। ਇਸ ਅਵਸਥਾ ਵਿਚ ਮਨੁਖ ਦੀ ਸਾਰੀ ਸਭਿਆਚਾਰਕ ਉਨਤੀ ਗ੍ਰਹਿਣੀ ਜਾਂਦੀ ਹੈ। ਇਕ ਹੋਰ ਦ੍ਰਿਸ਼ਟੀ ਤੋਂ ਵੇਖਿਆਂ ਸਾਡੀ ਸਮਝ ਵਿਚ ਇਹ ਗੱਲ ਵੀ ਪੈਂਦੀ ਹੈ ਕਿ ਮਨੁੱਖ ਨੂੰ ਪ੍ਰਕ੍ਰਿਤਕ ਸ਼ਕਤੀਆਂ ਦਾ ਸੰਜਮ ਬੰਨਣ ਲਗਿਆ ਭਾਸ਼ਾ ਦਾ ਪ੍ਰਾਪਤੀ ਕੀਤੀ ਹੈ। ਭਾਸ਼ਾ ਦੀ ਪ੍ਰਾਪਤੀ ਪ੍ਰਕ੍ਰਿਤਕ ਹੋਂਦ ਨੂੰ ਅਰਥਾਂ ਦੀ ਦੁਨੀਆਂ ਵਿਚ ਤਬਦੀਲ ਕਰਦੀ ਹੈ ਅਤੇ ਭਾਸ਼ਾ ਦਾ ਵਿਕਾਸ ਇਸੇ ਦਿਸ਼ਾ ਵਿਚ ਹੁੰਦਾ ਹੈ। ਜਦੋਂ ਭਾਸ਼ਾ ਅਰਥਾਂ ਦੀ ਦਿਸ਼ਾ ਨੂੰ ਅਗੇਰੇ ਤੋਰਦੀ ਹੈ ਤਾਂ ਮਾਨਵੀ ਸਭਿਆਚਾਰ ਆਪਣੀਆਂ ਸ਼ਕਤੀਆਂ ਤੇ ਸੰਭਾਵਨਾਵਾਂ ਦੇ ਰਾਹ ਤੇ ਹੁੰਦਾ ਹੈ। ਪਰ ਮਨੁੱਖ ਕਿਉਂਕਿ ਬੁਨਿਆਦੀ ਤੌਰ ਤੇ ਪਸ਼ੂ ਹੈ, ਇਸ ਲਈ ਇਹ ਭਾਸ਼ਾ ਦੀ ਮਦਦ ਨਾਲ ਕਈ ਵਾਰੀ ਆਪਣੀ ਮਨ ਦੀ ਪਾਤਾਲਪੁਰੀ ਦੀ ਯਾਤਰਾ ਵੀ ਕਰ ਲੈਂਦਾ ਹੈ। ਮਨ ਦੀ ਪਾਤਾਲਪੁਰੀ ਵਿਚ ਤਾਂ ਐਸੀਆਂ ਮਾਰੂ-ਤਰੰਗਾਂ ਹੁੰਦੀਆਂ ਹਨ, ਜੋ ਮਨੁੱਖ ਨੂੰ ਸਰੀਰਕ ਤੌਰ ਤੇ ਅਨੰਦ ਦਿੰਦੀਆਂ ਹਨ ਪਰ ਜਿਨ੍ਹਾਂ ਦਾ ਕੁਲ ਮਿਲਾ ਕੇ ਸਮਾਜਿਕ ਮਹੱਤਵ ਗੁੰਮ ਹੋ ਜਾਂਦਾ ਹੈ।

'ਪੂਰਨਮਾਸ਼ੀ' ਨਾਵਲ ਵਿਚ ਸਾਰੀਆਂ ਮਾਨਵੀ ਪ੍ਰਾਪਤੀਆਂ ਦੀ ਸ਼ਕਤੀ ਈ ਲਗਭਗ ਦੁਰਵਰਤੋਂ ਕੀਤੀ ਗਈ ਹੈ। ਕਿਰਸਾਨੀ ਜੀਵਨ, ਪੇਂਡੂ ਭਾਈਚਾਰਾ, ਭਾਸ਼ਾ, ਕਹਾਣੀ, ਪਲਾਟ, ਪਾਤਰ-ਉਸਾਰੀ, ਇਹਨਾਂ ਸਾਰਿਆਂ ਦੀ ਮਦਦ ਨਾਲ ਅਸੀਂ ਇਕ ਨਾਵਲਕਾਰ ਪਾਸੋਂ ਇਹ ਉਮੀਦ ਕਰਦੇ ਹਾਂ ਕਿ ਉਹ ਸਭਿਆਚਾਰਕ ਸੰਭਾਵਨਾਵਾਂ ਤੇ ਆਜ਼ਾਦੀ ਦਾ ਰਸਤਾ ਖੋਲ੍ਹੇ। ਪਰ 'ਪੂਰਨਮਾਸ਼ੀ' ਨਾਵਲ ਤਾਂ ਭਾਵ-ਭੋਗ ਦੀ ਪੱਧਰ ਤੇ ਟੁੰਬਣ ਵਾਲਾ ਨਾਵਲ ਹੈ। ਕਾਮ ਦੇ ਆਲੇ ਦੁਆਲੇ ਨਾਵਲਕਾਰ ਨੇ ਮਾਨਵੀ ਰਿਸ਼ਤਿਆਂ ਦਾ ਐਸਾ ਅਨਾਚਾਰ ਫੈਲਾਇਆ ਹੈ, ਜੋ ਮਨੁੱਖ ਵਿਚਲੀਆਂ ਵਿਕ੍ਰਿਤ ਰੁਚੀਆਂ ਨੂੰ ਤ੍ਰਿਪਤ ਕਰਦਾ ਹੈ। ਲੇਖਕ ਨੇ ਇਸੀ ਗੱਲ ਨੂੰ ਨਾਵਲ ਦੇ ਹਰ ਕਦਮ ਉਤੇ ਦ੍ਰਿੜ ਕੀਤਾ ਜਾਪਦਾ ਹੈ। ਇਸ ਲਈ ਇਹ ਨਾਵਲ ਸਮਾਜਿਕ ਚਿਤਰਣ ਵਾਲਾ ਨਾਵਲ ਹੋਣ ਦੇ ਬਾਵਜੂਦ ਵੀ ਆਪਣੇ ਆਪ ਦ੍ਰਿਸ਼ਟੀ-ਸੰਪਨ ਨਹੀਂ। ਇਸ ਲਈ ਅਸੀਂ ਇਸ ਨੂੰ ਆਦਰਸ਼ ਨਾਵਲ ਵਾਂਗ ਗ੍ਰਹਿਣ ਕਰਨ ਤੋਂ ਅਸਮਰਥ ਹਾਂ। ਅੱਜ ਦੀ ਦੁਨੀਆਂ ਵਿਚ ਨਾਵਲ ਨੂੰ ਇਕ ਪ੍ਰਵਚਨ ਸਮਝਿਆ ਜਾਂਦਾ ਹੈ।

ਪ੍ਰਵਚਨ ਵਿਚ ਇਹ ਐਸੀ ਰਚਨਾ ਹੁੰਦੀ ਹੈ ਜੋ ਅਰਥਾਂ ਨੂੰ ਉਘਾੜਦੀ ਹੈ, ਜਾਂ ਗਿਆਨ ਪੈਦਾ ਕਰਦੀ ਹੈ। ਇਹ ਨਾਵਲ ਸਾਡੀਆਂ ਕਾਮਨਾਵਾਂ ਨੂੰ ਉਭਾਰਦਾ ਹੈ ਪਰ ਅਰਥ ਤੇ ਗਿਆਨ ਦੀ ਪੱਧਰ ਉਪਰ ਪੁਜਦਾ ਹੀ ਨਹੀਂ। ਇਸ ਤਰ੍ਹਾਂ ਇਹ ਨਾਵਲ ਨਿਰੋਲ ਰੁਮਾਂਟਿਕ ਪੱਧਰ ਉਪਰ ਵਿਚਰਦਾ ਨਾਵਲ ਹੈ।

## ਸੰਦਰਭ ਸੂਚੀ

1. ਗੁਰਚਰਨ ਸਿੰਘ ਐਮ.ਏ., 'ਪੰਜਾਬੀ ਗਲਪਕਾਰ', ਹਿੰਦ ਪਬਲਿਸ਼ਰਜ਼ ਲਿਮਿਟਿਡ, ਕੋਰਟ ਰੋਡ, ਅੰਮ੍ਰਿਤਸਰ, ਮਈ 1954.
2. ਘੁੰਮਣ, ਬਿਕਰਮ ਸਿੰਘ, ਐਮ.ਏ., (ਸੰਪਾਦਕ), 'ਜਸਵੰਤ ਸਿੰਘ ਕੰਵਲ ਦਾ ਨਾਵਲ ਜਗਤ', ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1984.